ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8 ਐਸ.ਏ.ਐਸ.ਨਗਰ, ਮੁਹਾਲੀ
ਫੋਨ ਨੰਬਰ: 0172-2212221

ਵੱਲ (ਨੋਟਿਸ ਬੋਰਡ ਅਤੇ ਵੈਬਸਾਇਟ ਰਾਹੀਂ)

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਸਮੂਹ ਨੋਡਲ ਅਫਸਰ (PSTSE),
ਸਮੂਹ ਸਕੂਲ ਮੁਖੀ
ਪੰਜਾਬ।

ਮੀਮੋ ਨੰ: SCERT-ACA/29/2020-TRAINING-SCERT/118124
ਮਿਤੀ: ਐਸ.ਏ.ਐਸ.ਨਗਰ,02.09.2021

ਵਿਸ਼ਾ:- ਪੰਜਾਬ ਰਾਜ ਨਿਪੁਨੰਤਾ ਖੋਜ ਪ੍ਰੀਖਿਆ (PSTSE-2020) ਕਲਾਸ 10ਵੀ ਦਾ ਨਤੀਜਾ ਘੋਸ਼ਿਤ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ PSTSE ਪ੍ਰੀਖਿਆ ਸਾਲ 2020 (ਕਲਾਸ 10ਵੀਂ) ਜੋ ਕਿ 03-01-2021 ਨੂੰ ਰਾਜ ਵਿੱਚ ਸਮੂਹ ਜ਼ਿਲ੍ਹਿਆਂ ਵਿੱਚ ਤਹਿਸੀਲ ਪੱਧਰ ਤੇ ਕਰਵਾਈ ਗਈ ਸੀ, ਦਾ ਨਤੀਜਾ ਘੋਸ਼ਿਤ ਕੀਤਾ ਜਾਦਾ ਹੈ।

3.0 ਪੰਜਾਬ ਰਾਜ ਨਿਪੁਨੰਤਾ ਖੋਜ ਪ੍ਰੀਖਿਆ (PSTSE-2020) ਕਲਾਸ 10ਵੀਂ ਦੀ ਮੈਰਿਟ ਪ੍ਰਾਪਤ ਕਰਨ ਵਾਲੇ ਕੁੱਲ 500 ਵਿਦਿਆਰਥੀਆਂ ਦਾ ਨਤੀਜਾ ਨਾਲ ਨੱਥੀ ਕੀਤਾ ਜਾ ਰਿਹਾ ਹੈ।

4.0 ਇਸ ਪੱਤਰ ਨਾਲ ਨੱਥੀ ਸੂਚੀ ਅਨੁਸਾਰ 500 ਯੋਗ ਵਿਦਿਆਰਥੀ, ਜੋ ਮੈਰਿਟ ਵਿੱਚ ਆਏ ਹਨ, ਓਹੀ ਵਜੀਫਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

5.0 ਇਸ ਪੱਤਰ ਨਾਲ ਪੰਜਾਬ ਰਾਜ ਨਿਪੁਨੰਤਾ ਖੋਜ ਪ੍ਰੀਖਿਆ (PSTSE-2020) ਕਲਾਸ 10ਵੀ ਵਿੱਚ ਅਪੀਅਰ ਹੋਏ ਸਾਰੇ ਵਿਦਿਆਰਥੀਆਂ ਦਾ ਨਤੀਜਾ ਵੀ ਨਾਲ ਨੱਥੀ ਕੀਤਾ ਜਾਂਦਾ ਹੈ। ਪ੍ਰੰਤੂ ਇਹ ਨਤੀਜਾ ਸਿਰਫ ਸਕੂਲਾਂ ਅਤੇ ਵਿਦਿਆਰਥੀਆਂ ਲਈ ਆਪਣਾ ਰਿਜਲਟ ਪਤਾ ਕਰਨ ਦੇ ਸਬੰਧ ਵਿੱਚ ਅਪਲੋਡ ਕੀਤਾ ਜਾ ਰਿਹਾ ਹੈ। ਪੂਰੇ ਨਤੀਜੇ ਵਿੱਚ ਦਰਸਾਏ ਗਏ ਸਾਰੇ ਵਿਦਿਆਰਥੀ ਵਜੀਫਾ ਪ੍ਰਾਪਤ ਕਰਨ ਦੇ ਹੱਕਦਾਰ ਨਹੀਂ ਹੋਣਗੇ।

6.0 ਇਸ ਪ੍ਰੀਖਿਆ ਦੇ ਪੂਰੇ ਰਿਜ਼ਲਟ ਵਿੱਚ ਜਿਨ੍ਹਾਂ ਵਿਦਿਆਰਥੀਆਂ ਵੱਲੋਂ OMR Sheet ਵਿੱਚ ਆਪਣਾ ਰੋਲ ਨੰਬਰ ਗਲਤ ਭਰਿਆ ਗਿਆ ਹੈ, ਭਾਵ ਗੋਲੇ(Circles) ਗਲਤ ਕਾਲੇ ਕੀਤੇ ਗਏ ਹਨ ਜਾਂ light ਕਾਲੇ ਕੀਤੇ ਹਨ ਜਾਂ properly ਕਾਲੇ ਨਹੀਂ ਕੀਤੇ ਗਏ ਹਨ ਜਾਂ ਫਿਰ ਅਜਿਹੇ ਗੋਲੇ ਕਾਲੇ ਕੀਤੇ ਗਏ ਹਨ, ਜਿਸ ਅਨੁਸਾਰ ਬਣਦਾ ਰੋਲ ਨੰਬਰ ਅਸਲ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਅਲਾਟ ਨਹੀਂ ਕੀਤਾ ਗਿਆ ਜਾਂ ਫਿਰ ਰੋਲ ਨੰਬਰ ਵਿੱਚ White Fluid ਦੀ ਵਰਤੋਂ ਕੀਤੀ ਗਈ ਹੈ, ਅਜਿਹੀ OMR Sheet ਨੂੰ scanner ਦੁਆਰਾ scan ਨਹੀਂ ਕੀਤਾ ਜਾ ਸਕਿਆ। ਇਸ ਲਈ ਅਜਿਹੇ ਵਿਦਿਆਰਥੀਆਂ ਦਾ ਰਿਜਲਟ ਬਣਾਇਆ ਗਿਆ ਹੈ, ਪ੍ਰੰਤੂ ਵਿਦਿਆਰਥੀ ਦਾ ਡਾਟਾ ਨਾ ਹੋਣ ਕਾਰਨ ਅਜਿਹੇ ਵਿਦਿਆਰਥੀਆਂ ਨੂੰ ਮੈਰਿਟ ਵਿੱਚ consider ਨਹੀ ਕੀਤਾ ਗਿਆ ਹੈ।

7.0 ਇਸੇ ਤਰ੍ਹਾਂ ਜਿਨ੍ਹਾਂ ਵਿਦਿਆਰਥੀਆਂ ਦੁਆਰਾ ਪ੍ਰਸ਼ਨਾਂ ਦੇ ਉੱਤਰਾਂ ਦੇ ਭਰੇ ਗਏ ਗੋਲੇ ਘੱਟ ਕਾਲੇ ਕੀਤੇ ਜਾਂ ਗਲ਼ਤ ਕਾਲੇ ਕੀਤੇ ਜਾਂ White Fluid ਦੀ ਵਰਤੋਂ ਕੀਤੀ ਜਾਂ ਇੱਕ ਪ੍ਰਸ਼ਨ ਦੇ ਦੋ ਗੋਲੇ ਕਾਲੇ ਕੀਤੇ ਗਏ ਹਨ, ਉਨ੍ਹਾਂ ਨੂੰ scanner ਦੁਆਰਾ scan ਨਹੀਂ ਕੀਤਾ ਜਾ ਸਕਿਆ,ਜਿਸ ਕਾਰਣ ਅਜਿਹੇ ਵਿਦਿਆਰਥੀਆਂ ਨੂੰ ਰਿਜ਼ਲਟ ਵਿੱਚ consider ਨਹੀ ਕੀਤਾ ਗਿਆ ਹੈ।

ਨਾਲ ਨੱਥੀ:

1.ਮੈਰਿਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਨਤੀਜਾ

2. PSTSE-2020 ਕਲਾਸ 10ਵੀਂ ਦਾ ਪੂਰਾ ਰਿਜ਼ਲਟ

P.Kumar
2/9/2021
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ